This Question Paper consists of 24 questions and 7 printed pages.

ਇਸ ਪ੍ਰਸ਼ਨ ਪੱਤਰ ਵਿਚ 24 ਸੁਆਲ ਹਨ ਅਤੇ 7 ਛੱਪੇ ਹੋਏ ਪੰਨੇ ਹਨ।

Roll No.
ਰੋਲ ਨੰ: ਅੰਕਾਂ ਵਿਚ

Code No. **56/SS/A/P**
ਕੋਡ ਨੰ.

Set/ਸੈਟ **A**

PUNJABI
(ਪੰਜਾਬੀ)

(310)

Day and Date of Examination . . . . . .
(ਪਰਿਖਿਆ ਦਾ ਦਿਨ ਅਤੇ ਮਿਤੀ)

Signature of Invigilators
(ਨਿਰੀਖਕਾਂ ਦੇ ਦਸਖ਼ਤ)

1. .....

2. .....

ਆਮ ਹਿਦਾਇਤਾਂ :

1. ਪਰੀਖਿਆਰਥੀ ਪ੍ਰਸ਼ਨ ਪਤਰ ਦੇ ਮੁਖ ਪੰਨੇ ਤੇ ਆਪਣੇ ਰੋਲ ਨੰਬਰ ਜ਼ਰੂਰ ਲਿਖਣ।
2. ਕ੍ਰਿਪਾਕਰਕੇ ਪ੍ਰਸ਼ਨ ਪੱਤਰ ਵੇਖ ਲਵੋ ਕਿ ਪ੍ਰਸ਼ਨ ਪੱਤਰ ਦੇ ਕੁਲ ਪੰਨੇ ਅਤੇ ਕੁਲ ਸੁਆਲ ਉਹੋ ਹੀ ਹਨ ਜਿਹੜੇ ਕਿ ਮੁਖ ਪੰਨੇ ਦੇ ਸਭ ਤੋਂ ਉਪਰ ਲਿਖੇ ਗਏ ਹਨ। ਇਹ ਭੀ ਵੇਖ ਲਵੋ ਕਿ ਸੁਆਲ ਸਾਰੇ ਕ੍ਰਮਵਾਰ ਲਿਖੇ ਹੋਏ ਹਨ।
3. ਵਸਤੂਨਿਸ਼ਠ ਸੁਆਲਾਂ ਵਿਚ ਆਪਣੇ ਪ੍ਰਸ਼ਨ ਪੱਤਰ ਵਿਚ ਦਿਤੇ ਵਿਕਲਪਾਂ [(A), (B), (C) ਅਤੇ (D)] ਵਿਚੋਂ ਕੋਈ ਇਕ ਚੁਣਨਾ ਹੈ ਅਤੇ ਠੀਕ ਜੁਆਬ ਨੂੰ ਆਪਣੀ ਉੱਤਰ ਕਾਪੀ ਵਿਚ ਲਿਖਣਾ ਹੈ। ਬਹੁ ਵਿਕਲਪੀ ਸੁਆਲਾਂ ਲਈ ਕੋਈ ਫਾਲਤੂ ਸਮਾਂ ਨਹੀਂ ਮਿਲੇਗਾ।
4. ਉੱਤਰ ਕਾਪੀ ਵਿਚ ਕੋਈ ਪਛਾਣ ਚਿੰਨ ਬਨਾਉਣਾ ਜਾਂ ਆਪਣਾ ਰੋਲ ਨੰਬਰ ਨਿਰਧਾਰਿਤ ਥਾਂ ਦੀ ਜਗ੍ਹਾ ਕਿਧਰੋ ਹੋਰ ਲਿਖਣਾ ਪਰੀਖਿਆਰਥੀ ਦੀ ਪਾਤਰਤਾ ਨੂੰ ਰਦ ਕਰਨ ਤਕ ਲੈ ਜਾਵੈਗਾ।
5. ਆਪਣੇ ਪ੍ਰਸ਼ਨ ਪੱਤਰ ਦਾ ਕੋਡ ਨੰ. 56/SS/A/P ਸੈਟ [A] ਉੱਤਰ ਕਾਪੀ ਵਿਚ ਲਿਖੋ।

PUNJABI
(ਪੰਜਾਬੀ)
(310)

ਸਮਾਂ : 3 ਘੰਟੇ] [ਅੰਕਾਂ : 100

ਨੋਟ : (i) ਸਭ ਪ੍ਰਸ਼ਨ ਜਰੂਰੀ ਹਨ। ਅੰਕ ਪ੍ਰਸ਼ਨਾਂ ਦੇ ਸਾਹਮਣੇ ਦਿੱਤੇ ਗਏ ਹਨ।

(ii) ਪ੍ਰਸ਼ਨ ਸੰਖਿਆ (24) ਦੋ ਵਿਕਲੱਪ ਹਨ। ਇਨ੍ਹਾਂ ਵਿੱਚੋਂ ਕਿਸੇ ਇੱਕ ਵਿਕਲਪ ਦੇ ਪ੍ਰਸ਼ਨਾਂ ਦੇ ਉੱਤਰ ਹੀ ਦੇਣੇ ਹਨ।

(iii) ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲੀ-ਖੁੱਲੀ ਕਰਨ ਦਾ ਜਤਨ ਕਰੋ। ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ।

ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ : 1×8=8

1. ਤੁਹਾਡੀ ਕਿਤਾਬ ਵਿੱਚ 'ਪੀਲੂ' ਦਾ ਕਿਹੜਾ ਕਿੱਸਾ ਸ਼ਾਮਲ ਕੀਤਾ ਗਿਆ ਹੈ?

2. 'ਕੁਲਛੀ' ਕਹਾਣੀ ਦਾ ਕਹਾਣੀਕਾਰ ਆਪਣੇ-ਆਪ ਨੂੰ ਕਾਇਰ ਕਿਉਂ ਕਹਿੰਦਾ ਹੈ?

3. 'ਪੇਮੀ ਦੇ ਨਿਆਣੇ' ਕਹਾਣੀ ਵਿੱਚ ਭੈਣ ਤੇ ਉਸ ਦੇ ਭਰਾ ਨੂੰ ਬਚਪਨ ਵਿੱਚ ਕਿੱਥੇ ਜਾਣਾ ਪੈਂਦਾ ਸੀ?

4. ਇਕਾਂਗੀ ਵਿੱਚ ਬਾਬਾ ਜੀ ਰਾਮੂ ਨੂੰ ਕਿਸ ਦੀ ਕਹਾਣੀ ਸੁਣਾਉਂਦੇ ਹਨ?

5. 'ਸਾਖੀ' ਮੂਲ ਰੂਪ ਵਿੱਚ ਕਿਸ ਭਾਸ਼ਾ ਦਾ ਸ਼ਬਦ ਹੈ? ਪੰਜਾਬੀ ਰੂਪ ਸਾਖੀ ਦਾ ਡਿਕਸ਼ਨਰੀ ਅਰਥ ਕੀ ਹੈ?

6. 'ਅਖਾਣ' ਕਿਹੋ ਜਿਹਾ ਵਾਕ ਸਮੂਹ ਹੈ?

7. ਲੋਕ ਗੀਤ ਦੀ ਪਰਿਭਾਸ਼ਾ ਦੱਸੋ?

8. ਪੈਂਤੀ ਅੱਖਰੀ 'ਲਿਪੀ' ਵਿੱਚ ਕਿੰਨੇ ਅੱਖਰ ਸਵਰ ਹਨ ਅਤੇ ਕਿੰਨੇ ਅੱਖਰ ਵਿਅੰਜਣ?

ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰਾਂ ਦੇ ਲਈ ਸਹੀ ਵਿਕਲਪ ਚੁਣਕੇ ਆਪਣੀ ਉੱਤਰ ਪੁਸ਼ਤਕਾ ਵਿੱਚ ਲਿਖੋ : 1×10=10

9. ਗੁਰੂ ਰਵਿਦਾਸ ਜੀ ਅਨੁਸਾਰ ਪੂਜਾ ਲਈ ਕਿਹੜੀ ਚੀਜ਼ ਭੇਂਟ ਕਰਨ ਯੋਗ ਹੈ?

(A) ਦੁੱਧ

(B) ਫੁੱਲ

(C) ਅੰਮ੍ਰਿਤ

(D) ਕੋਈ ਵੀ ਨਹੀਂ

10. 'ਪੀਲੂ' ਆਪਣੇ ਕਿੱਸੇ ਵਿੱਚ 'ਬੱਕੀ' ਕਿਸ ਨੂੰ ਕਹਿੰਦਾ ਹੈ?

(A) ਕਿਸੇ ਪੰਛੀ ਨੂੰ

(B) ਖੱਚਰ ਨੂੰ

(C) ਸਾਹਿਬਾਂ ਦੇ ਬਾਪ ਦੀ ਘੋੜੀ ਨੂੰ

(D) ਮਿਰਜੇ ਦੀ ਘੋੜੀ ਨੂੰ

11. 'ਪੇਮੀ ਦੇ ਨਿਆਣੇ' ਕਹਾਣੀ ਵਿੱਚ ਭੈਣ ਜੋ ਆਪਣੇ ਛੋਟੇ ਭਰਾਂ ਨੂੰ ਰਾਜੇ ਤੇ ਰਾਣੀ ਦੀ ਕਹਾਣੀ ਸੁਣਾਉਂਦੀ ਹੈ, ਕਿ ਕਿਵੇਂ ਰਾਣੀ ਨੇ ਮਰਨ ਲੱਗਿਆ ਰਾਜੇ ਤੋਂ ਪ੍ਰਣ ਮੰਗਿਆ, ਪਰ ਰਾਣੀ ਦੇ ਮਰਨ ਤੇ ਰਾਜਾ ਕੀ ਕਰਦਾ ਹੈ?

(A) ਰਾਜਾ ਬ੍ਰਾਹਮਣਾਂ ਨੂੰ ਦਾਨ ਦੱਛਣਾ ਦਿੰਦਾ ਹੈ।

(B) ਉਪਰਾਮ ਹੋਕੇ ਤੀਰਥਾਂ ਤੇ ਨਿਕਲ ਜਾਂਦਾ ਹੈ।

(C) ਦੂਜਾ ਵਿਆਹ ਕਰਵਾ ਲੈਂਦਾ ਹੈ।

(D) ਪ੍ਰਾਣ ਤਿਆਗ ਦਿੰਦਾ ਹੈ।

12. ਇਕਾਂਗੀ 'ਭਾਈ ਘਨ੍ਹਈਆ ਜੀ' ਵਿੱਚ ਵਾਰਤਾਲਾਪ ਵਾਲੀ ਭਾਸ਼ਾ ਕਿਹੜੀ ਹੈ?

(A) ਹਿੰਦੀ (B) ਪੰਜਾਬੀ

(C) ਪੰਜਾਬੀ-ਹਿੰਦੀ (D) ਇਨ੍ਹਾਂ ਵਿੱਚੋਂ ਕੋਈ ਨਹੀਂ

13. 'ਮੇਲਾ' ਸ਼ਬਦ ਦਾ ਸਹੀ ਵਿਕਲਪ ਕੀ ਹੈ?

(A) ਮਿਲਣੀ (B) ਗੁਫ਼ਤਗੂ

(C) ਮੇਲ ਮਿਲਾਪ (D) ਮੁਲਾਕਾਤ

14. ਬਾਬਾ ਜੀ ਆਪਣੇ ਨੌਕਰ ਰਾਮੂ ਨੂੰ ਕਿਸ ਦੀ ਸਾਖੀ ਸੁਣਾਉਂਦੇ ਹਨ?

(A) ਬਾਬਾ ਫਰੀਦ ਜੀ ਦੀ

(B) ਗੁਰੂ ਰਾਮਦਾਸ ਜੀ ਦੀ

(C) ਗੁਰੂ ਨਾਨਕ ਦੇਵ ਜੀ ਦੀ

(D) ਭਾਈ ਘਨ੍ਹਈਆ ਜੀ ਦੀ

15. 'ਹੋਲਾ ਮਹੱਲਾ' ਕਿਹੜੇ ਗੁਰੂ ਜੀ ਨੇ ਮਨਾਉਣਾ ਸ਼ੁਰੂ ਕੀਤਾ ਸੀ?

(A) ਗੁਰੂ ਨਾਨਕ ਦੇਵ ਜੀ

(B) ਗੁਰੂ ਅਰਜਨ ਦੇਵ ਜੀ

(C) ਗੁਰੂ ਗੋਬਿੰਦ ਸਿੰਘ ਜੀ

(D) ਗੁਰੂ ਹਰਿ ਗੋਬਿੰਦ ਜੀ

16. ਸ਼ਬਦ ਰਚਨਾ ਤੋਂ ਕੀ ਭਾਵ ਹੈ?

(A) ਸ਼ਬਦਾਂ ਤੋਂ ਹੀ ਵਾਕਾਂ ਦੀ ਰਚਨਾ ਕਰਨੀ ਹੁੰਦੀ ਹੈ।

(B) ਇਕ ਸ਼ਬਦ ਤੋਂ ਦੂਜਾ ਸ਼ਬਦ ਬਣਾਉਣ ਦੀ ਕਿਰਿਆ ਹੈ।

(C) ਸ਼ਬਦਾਂ ਦਾ ਵਿਸਥਾਰ, ਸ਼ਬਦ ਰਚਨਾ ਕਰਦਾ ਹੈ।

(D) ਸ਼ਬਦਾਂ ਦੇ ਵੱਖ-ਵੱਖ ਅਰਥਾਂ ਨੂੰ ਸ਼ਬਦ ਰਚਨਾ ਕਿਹਾ ਜਾਂਦਾ ਹੈ

17. 'ਵਿਕਾਸ' ਸ਼ਬਦ ਦਾ ਸਹੀ ਵਿਕਲਪ ਚੁਣ ਕੇ ਲਿਖੋ।

(A) ਚੜ੍ਹਦੀ ਕਲਾ

(B) ਉਭਾਰ

(C) ਚੜ੍ਹਤ

(D) ਉੱਨਤੀ

18. 'ਉਮੀਦ' ਸ਼ਬਦ ਦਾ ਸਹੀ ਵਿਕਲਪ ਚੁਣ ਕੇ ਲਿਖੋ।

(A) ਨਾ-ਉਮੀਦੀ

(B) ਤਿਆਗ

(C) ਤਾਂਘ

(D) ਆਸ

ਨੋਟ : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਪਾਠਾਂ ਦੇ ਆਧਾਰ ਤੇ 30-40 ਸ਼ਬਦਾਂ ਵਿੱਚ ਲਿਖੋ: 2×10=20

19. *(a)* ਗੁਰੂ ਨਾਨਕ ਦੇਵ ਜੀ ਦੀ ਬਾਣੀ ਮਨੁੱਖ ਨੂੰ ਕਿਸ ਤੋਂ ਉੱਪਰ ਉੱਠ ਕੇ, ਕੀ ਕਰਨ ਦਾ ਸੁਨੇਹਾ ਦਿੰਦੀ ਹੈ?

(b) ਫ਼ਰੀਦਾ ਸ਼ਕਰਪੰਡੁ ਨਿਵਾਤ ਗੁੜ ਮਾਖਿਉ ਮਾਝਾ ਦੁਧੁ।
ਸਭੇ ਵਸਤੂ ਮਿਠੀਆਂ ਰਬ ਨਾ ਪੁਜਨਿ ਤੁਧੁ।।
– ਉਪਰੋਕਤ ਸ਼ਲੋਕ ਵਿੱਚ ਬਾਬਾ ਫਰੀਦ ਜੀ ਕੀ ਕਹਿਣਾ ਚਾਹੁੰਦੇ ਹਨ?

(c) ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਨੁਸਾਰ, ਅਨਪੜ੍ਹ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੀ ਦਾਦੀ ਜੀ ਨੂੰ ਕੀ ਕੁਝ ਜ਼ਬਾਨੀ ਯਾਦ ਸੀ?

(d) ਮੁਕਤਸਰ (ਮੁਖ਼ਸਰ) ਦੇ ਮੇਲੇ ਦੀ ਕੀ ਇਤਿਹਾਸਕ ਮਹੱਤਤਾ ਹੈ?

(e) ''ਸਾਰੀ ਬਾਤ ਤੋਂ ਯਾਦ ਨਹੀਂ, ਮਗਰ ਏਕ ਬਾਤ ਸਮਝ ਮੇਂ ਆਈ ਕਿ ਭਾਈ ਘਨ੍ਹੀਆ ਜੰਗ ਦੇ ਮੈਦਾਨ ਮੇਂ ਆਪਣੀ ਮਸ਼ਕ ਸੇ ਸਭ ਕੋ ਪਾਣੀ ਪਿਲਾਤਾ ਥਾ। ਆਪਣੇ ਸਿਪਾਹੀਓ ਕੋ ਭੀ ਔਰ ਦੁਸ਼ਮਣ ਕੇ ਸਿਪਾਹੀਉ ਕੋ ਭੀ। ਸਭ ਜ਼ਖ਼ਮੀਉ ਕੀ ਮਰਹਮ ਪੱਟੀ ਕਰਤਾ ਥਾਂ।'' ਇਕਾਂਗੀ ਵਿੱਚ ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ?

(f) ਪੰਜਾਬੀ ਪ੍ਰਿੰਟ ਮੀਡੀਆ ਦੀਆਂ ਕੋਈ ਦੋ ਸਮੱਸਿਆਵਾਂ ਬਾਰੇ ਲਿਖੋ।

(g) 'ਆਬਰੂ' ਡਾਇਰੀ ਅੰਸ਼ ਦਾ ਲੇਖਕ ਕੌਣ ਹੈ? ਇਹ ਡਾਇਰੀ ਅੰਸ਼ ਲੇਖਕ ਦੀ ਕਿਸ ਕਿਤਾਬ ਵਿੱਚੋਂ ਲਿਆ ਗਿਆ ਹੈ?

(h) ਭੈਣ ਅਨੁਸਾਰ, ਵਾਹਿਗੁਰੂ ਤੋਂ ਕੌਣ ਡਰਦਾ ਹੈ ਤੇ ਕੌਣ ਨਹੀਂ? ਕਹਾਣੀ 'ਪੇਮੀ ਦੇ ਨਿਆਣੇ' ਦੇ ਆਧਾਰ ਤੇ ਲਿਖੋ।

(i) ''ਕੁਝ ਵੰਡ ਸੁਦੈਣੇ! ਕਾਇਰ ਪਿਉ ਦੇ ਘਰ ਬਹਾਦਰ ਮੁੰਡਾ ਜੰਮਿਆ'' 'ਕੁਲਛੀ' ਕਹਾਣੀ ਵਿੱਚ ਇਹ ਸ਼ਬਦ ਕੌਣ ਕਿਸਨੂੰ ਕਹਿੰਦਾ ਹੈ?

(j) 'ਭੂਆ' ਕਹਾਣੀ ਵਿੱਚ ਭੂਆ ਆਪਣੇ ਭਤੀਜੇ ਦੇ ਆਉਣ ਤੇ ਆਪਣੀ ਨੂੰਹ ਨੂੰ ਕਿਹੜਾ ਹੁਕਮ ਚਾੜ੍ਹਦੀ ਹੈ?

20. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100-125 ਸ਼ਬਦਾਂ ਵਿੱਚ ਲਿਖੋ: 5×3=15

(a) 'ਨਿਊਯਾਰਕ' ਨੂੰ ਤੇਜ਼ ਰਫ਼ਤਾਰ ਕਿਉਂ ਕਿਹਾ ਜਾਂਦਾ ਹੈ?

(b) 'ਸਾਵਣ' ਦੇ ਮਹੀਨੇ ਦੀਆਂ 'ਤੀਆਂ' ਦੇ ਤਿਉਹਾਰ ਬਾਰੇ ਲਿਖੋ।

(c) ਭਾਈ ਘਨ੍ਹਈਆ ਇਕਾਂਗੀ ਦੇ ਪਾਤਰ ਰਾਮੂ ਦੇ ਦਸਣ ਮੁਤਾਬਕ ਰੇਲ ਹਾਦਸੇ ਉਪਰੰਤ ਇਕ ਔਰਤ ਪਾਗਲਾਂ ਵਾਂਗ ਕੀ ਲੱਭ ਰਹੀ ਸੀ ਤੇ ਕਿਉਂ?

21. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ *150-175* ਸ਼ਬਦਾਂ ਵਿੱਚ ਲਿਖੋ : 8×2=16

(a) ਡਾ. ਜਗਤਾਰ ਦੀ ਕਵਿਤਾ 'ਔਰਤ ਦੀ ਹੱਕ ਤਲਛੀ' ਦੀ ਕੀ ਮਹੱਤਤਾ ਹੈ?

(b) ਦੂਰਦਰਸ਼ਨ ਦੀਆਂ ਖਬਰਾਂ ਦੀਆਂ ਵਿਸ਼ੇਸ਼ਤਾਵਾਂ ਕਿਹੜੀਆਂ-ਕਿਹੜੀਆਂ ਹਨ?

22. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇਕ** ਵਿਸ਼ੇ ਉੱਤੇ ਲਗਭਗ 200 ਸ਼ਬਦਾਂ ਦਾ ਭਾਵ-ਪੂਰਨ ਲੇਖ ਲਿਖੋ : 10

(a) ''ਮਿਠਤ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ''।

(b) ਭ੍ਰਿਸ਼ਟਾਚਾਰ ਸਮਾਜ ਲਈ ਕੋਹੜ।

(c) ਭਾਰਤ ਅੱਗੇ ਨਵੀਆਂ ਵੰਗਾਰਾਂ।

(d) ਬੇਰੁਜ਼ਗਾਰੀ ਦੀ ਸਮੱਸਿਆ।

23. ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਦੱਸੋ ਕਿ ਸ਼ਹਿਰ ਵਿੱਚ ਗੁੰਡਾ-ਗਰਦੀ ਦੀਆਂ ਵਾਰਦਾਤਾਂ ਬਹੁਤ ਵਧ ਰਹੀਆਂ ਹਨ, ਇਸ ਲਈ ਸਰਕਾਰ ਦਾ ਪੂਰਾ ਧਿਆਨ ਦਵਾਇਆ ਜਾਵੇ।

ਜਾਂ

ਆਪਣੇ ਇਲਾਕੇ ਦੇ ਕਾਰਜਕਾਰੀ ਇੰਜਨੀਅਰ ਨੂੰ ਇਕ ਪੱਤਰ ਲਿੱਖੋ ਕਿ ਇਲਾਕੇ ਦੀਆਂ ਸੜਕਾਂ ਦੀ ਬਹੁਤ ਖਸਤਾ ਹਾਲਤ ਨੂੰ ਠੀਕ ਕੀਤਾ ਜਾਵੇ। 6

ਵਿਕਲਪ-I

(ਅਨੁਵਾਦ)

24. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ *100-125* ਸ਼ਬਦਾਂ ਵਿੱਚ ਲਿਖੋ : 5×3=15

(a) ਅਨੁਵਾਦ ਦਾ ਕੀ ਮੱਹਤਵ ਹੈ?

(b) ਲਿਖਤ ਵਿਗਿਆਪਨਾਂ ਦੀ ਅੱਜ ਦੇ ਯੁੱਗ ਵਿੱਚ ਕੀ ਅਹਿਮੀਅਤ ਹੈ?

(c) ਯਾਂਤਰਿਕ ਅਨੁਵਾਦ ਤੋਂ ਕੀ ਭਾਵ ਹੈ ਇਸ ਲਈ ਵਰਤੀਆਂ ਜਾਣ ਵਾਲੀਆਂ ਵਿਧੀਆਂ ਬਾਰੇ ਚਰਚਾ ਕਰੋ ।

ਜਾਂ

ਵਿਕਲਪ-II

(ਪੰਜਾਬੀ ਸਿਨੇਮਾ) 5×3=15

(a) ਗੀਤ ਸਾਹਿਤ ਦੀ ਕਿਹੜੀ ਵਿਧਾ ਹੈ? ਇਸ ਬਾਰੇ ਇਕ ਪੈਰਾ ਲਿਖੋ?

(b) ਹਿੰਦੀ ਵਿੱਚ ਪੰਜਾਬੀ ਜੀਵਨ ਬਾਰੇ ਰਲੀ-ਮਿਲੀ ਭਾਸ਼ਾ ਵਿੱਚ ਬਣੀਆਂ ਫ਼ਿਲਮਾਂ ਬਾਰੇ ਚਰਚਾ ਕਰੋ।

(c) ਪੰਜਾਬੀ ਦਾ ਪ੍ਰਸਿਧ ਨਾਟਕਕਾਰ ਬਲਵੰਤ ਗਾਰਗੀ ਬਹੁਤਾ ਸਮਾਂ ਕਿੱਥੇ ਰਿਹਾ ਅਤੇ ਉਸ ਦੇ ਕੋਈ ਚਾਰ ਨਾਟਕਾਂ ਦੇ ਨਾਂ ਲਿਖੋ। ਉਸ ਨੂੰ ਪੰਜਾਬੀ ਨਾਟਕ ਨੇ ਕਿਹੜੇ-ਕਿਹੜੇ ਦੇਸਾਂ ਵਿੱਚ ਪਹੁੰਚਾਇਆ।

★ ★ ★